NHS SCOTLAND

# ਘੱਟ ਗਿਣਤੀ ਦੀਆਂ ਜਾਤੀ ਸਕੱਾਟਿਸ਼ ਬਿਰਾਦਰੀਆਂ 'ਚ ਸਿਹਤ ਸੁਧਾਰ



## ਸਾਲਾਨਾ ਰਿਪੋਰਟ ਸੰਚਾਲਨ ਕਮੇਟੀ ਅਤੇ ਨੈਸ਼ਨਲ ਰੀਸੋਰਸ ਸੈਂਟਰ ਫ਼ੱਾਰ ਐਥਨਿਕ ਮਾਈਨੋਰਿਟੀ ਹੈਲਥ ਦੇ ਡਾਈਰੈਕਟਰ ਦੀ ਵਿਵੱਸਥਾ ਦਾ ਸੰਖੇਪ

2002-2003

# ਵਿਵੱਸਥਾ ਦਾ ਸੰਖੇਪ

ਇਸ ਦਸਤਾਵੇਜ਼ 'ਚ ਸ਼ਾਮਿਲ ਹੈ ਨੈਸ਼ਨਲ ਰੀਸੋਰਸ ਸੈਂਟਰ ਫ਼ਾੱਰ ਐਥਨਿਕ ਮਾਈਨੋਰਿਟੀ ਹੈਲਥ ਦੇ ਸੰਚਾਲਨ ਸਮੂਹ ਦੀ ਸਾਲਾਨਾ ਰਿਪੋਰਟ ਅਤੇ ਡਾਈਰੈਕਟਰ ਆੱਫ਼ ਐੱਨਆੱਰਸੀਈਐੱਮਐੱਚ ਅਤੇ ਇਸ ਦੀ ਟੀਮ ਦੀ ਰਿਪੋਰਟ। ਸੰਚਾਲਨ ਸਮੂਹ ਨੇ ਪੂਰੇ ਸੱਕਾਟਲੈਂਡ ਤੋਂ ਮਾਹਿਰ ਮੈਂਬਰਾਂ ਨਾਲ ਮਿਲ ਕ ੇ ਐੱਨਆੱਰਸੀਈਐੱਮਐੱਚ ਦੀ ਯੋਜਨਾ ਦਾ ਮਾਰਗਦਰਸ਼ਨ ਪ੍ਰਦਾਨ ਕੀਤਾ ਹੈ। ਇਹ ਸੰਯੁਕਤ ਰਿਪੋਰਟ ਸੰਚਾਲਨ ਸਮੂਹ ਅਤੇ ਐੱਨਆੱਰਸੀਈਐੱਮਐੱਚ ਦਰਮਿਆਨ ਧਿਆਨਪੂਰਵਕ ਕੀਤੇ ਕੰਮ ਨੂੰ ਪ੍ਰਤਿਬਿੰਬਿਤ ਕਰਦੀ ਹੈ।

ਰਿਪੋਰਟ ਦੋ ਹਿੱਸਿਆਂ 'ਚ ਹੈ। ਪਹਿਲੇ ਹਿੱਸੇ 'ਚ ਐੱਨਆੱਰਸੀਈਐੱਮਐੱਚ ਦੇ ਕੰਮ ਦਾ ਸੰਖੇਪ ਦਿੱਤਾ ਹੈ। ਦੂਸਰੇ ਹਿੱਸੇ 'ਚ ਫ਼ੇਅਰ ਫ਼ਾੱਰ ਆੱਲ ਹੈਲਥ ਡਿਪਾਰਟਮੈਂਟ ਲੇਟਰ [ਐੱਚਡੀਐੱਲ] (2002) 51 ਦੀਆਂ ਜ਼ਰੂਰਤਾਂ ਨੂੰ, ਖ਼ਾਸ ਤੌਰ 'ਤੇ ਜਾਤੀ ਅਤੇ ਸਿਹਤ ਸੰਬੰਧੀ ਨੀਤੀਆਂ ਨੂੰ ਲਾਗੂ ਕਰਨ ਬਾਰੇ, ਐਨਐੱਚਐੱਸਸਕਾਟਲੈਂਡ ਰਾਹੀਂ ਹੋਈ ਤਰੱਕੀ ਦਾ ਸੰਖੇਪ ਦਿੱਤਾ ਹੈ।

ਹਿੱਸਾ ਦੋ 'ਚ 2000 ਤੋਂ ਐਫ਼ਐਫ਼ਏ ਦੇ ਆਰੰਭ ਹੋਣ 'ਤੇ ਐੱਨਆੱਰਸੀਈਐੱਮਐੱਚ ਰਾਹੀਂ ਮੁੱਖ ਨੀਤੀ ਦੀਆਂ ਪ੍ਰਾਥਮਿਕਤਾਵਾਂ ਵਿਚੋਂ ਇਕ ਦੇ ਸੰਬੰਧ 'ਚ ਫ਼ੇਅਰ ਫ਼ਾੱਰ ਆੱਲ ਪ੍ਰੋਗਰੇਸ ਰਿਪੋਰਟ ਤਿਆਰ ਕੀਤੀ ਹੈ। ਇਸ ਰਾਹੀਂ ਰੇਸ ਰਿਲੇਸ਼ਨਸ (ਆਮੇਨਡਮੈਂਟ) ਐਕਟ 2000 (ਆੱਰਆੱਰਏਏ) ਦੀਆਂ ਵਿਸ਼ੇਸ਼ ਜ਼ਿੰਮੇਦਾਰੀਆਂ ਨਾਲ ਸੰਬੰਧਿਤ ਪਹਿਲੇ ਸਾਲ 'ਚ ਜਾਤੀ ਸਮਾਨਤਾ ਦਾ ਸਮਰਥਨ ਕਰਨ ਦੀ ਸੰਮਤੀ ਦੀ ਸਮਰਥਾ ਅਤੇ ਪ੍ਰਕਾਰ ਦੀ ਜਾਂਚ ਕੀਤੀ ਗਈ ਹੈ। ਤਰੱਕੀ 'ਚ ਸ਼ਾਮਿਲ ਹੈ ਐੱਚਡੀਐੱਲ (2002) 51 'ਤੇ ਆਧਾਰਿਤ ਐਫ਼ਐੱਫ਼ਏ ਐਕਸ਼ਨ ਪਲਾਨ ਦਾ ਵਿਸ਼ਲੇਸ਼ਣ। ਦੋਨ੍ਹਾਂ ਕਾਰਵਾਈਆਂ ਦੇ ਵਿਸ਼ਲੇਸ਼ਣ ਤੋਂ ਅਤਿਰਿਕਤ, ਆਪਣੀਆਂ ਮੁੱਖ ਸ਼ੋਧ ਅਤੇ ਸਿਫ਼ਾਰਿਸ਼ਾਂ ਬਾਰੇ ਵੀ ਜਾਣਕਾਰੀ ਪ੍ਰਦਾਨ ਕੀਤੀ ਹੈ, ਜਿਸ ਵਿਚ ਬੋਰਡਸ ਨੂੰ ਉਨ੍ਹਾਂ ਦੀ ਦੂਸਰੇ ਅਤੇ ਤੀਸਰੇ ਸਾਲ ਦੀਆਂ ਯੋਜਨਾਵਾਂ 'ਤੇ ਕਾਰਵਾਈ ਕਰਨ ਅਤੇ ਸ਼ੁਰੂ ਤੋਂ ਹੋਈ ਸਹੀ ਤਰੱਕੀ ਦਾ ਮੁਲੰਕਣ ਕਰਨ ਦੇ ਬਾਰੇ ਵੀ ਚਰਚਾ ਕੀਤੀ ਹੈ ਅਤੇ ਇਸ ਨਾਲ ਬੋਰਡਸ ਨੂੰ ਉਨ੍ਹਾਂ ਦੀਆਂ ਯੋਜਨਾਵਾਂ 'ਤੇ ਕਾਰਵਾਈ ਸ਼ੁਰੂ ਕਰਨ ਲਈ ਮਦਦ ਹੋਵੇਗੀ ਅਤੇ ਸੁਰੂ ਤੋਂ ਹੋਈ ਸਹੀ ਤਰੱਕੀ ਦਾ ਮੁਲੰਕਣ ਕੀਤਾ ਜਾਵੇਗਾ।

ਵਿਸ਼ਲੇਸ਼ਣ 'ਚ ਵਰਤੋਂ ਕਰਨ ਲਈ ਨੈਸ਼ਨਲ ਅਸੈਸਮੈਂਟ ਫ਼ਰੇਮਵਰਕ ਤਿਆਰ ਕੀਤਾ ਗਿਆ ਸੀ ਅਤੇ ਅਸੀਂ ਉਮੀਦ ਕਰਦੇ ਹਾਂ ਕਿ ਇਸ ਦੀ ਵਰਤੋਂ ਬੋਰਡਸ ਅਤੇ ਟ੍ਰਸਟਸ ਲਈ ਇਕ ਉਪਯੋਗੀ ਮਾਰਗਦਰਸ਼ਨ ਦੀ ਤੌਰ 'ਤੇ ਕੀਤੀ ਜਾਵੇਗੀ। ਪਹਿਲੇ ਸਾਲ 'ਚ, ਸੀਆੱਰਈ ਦੇ ਨਾਲ ਮਿਲ ਕੇ ਬੋਰਡਸ ਅਤੇ ਟ੍ਰਸਟਸ ਨੂੰ ਰਾਸ਼ਟ੍ਰੀ ਨੈਟਵਰਕਸ ਰਾਹੀਂ ਯੋਗ ਅਭਿਆਸ ਦੀ ਵਰਤੋਂ ਕਰਨ ਅਤੇ ਉਤਸਾਹ ਦੇਣ ਦੇ ਨਾਲ ਹੀ ਨਵੀਂਆਂ ਜ਼ਰੂਰਤਾਂ ਬਾਰੇ ਐੱਨਆੱਰਸੀਈਐੱਮਐੱਚ ਸੰਮਤ ਹੋਈ ਸੀ। ਆਉਣ ਵਾਲੇ ਸਾਲ ਲਈ ਨੀਤੀ ਦੇ ਵਿਕਾਸ ਤੋਂ ਲੈ ਕੇ ਨੀਤੀ 'ਤੇ ਅਮਲ ਕਰਨ ਤੱਕ ਕਾਰਵਾਈ ਕਰਨ ਦੀ ਤਾਕੀਦ ਹੈ।

## ਸੰਦਰਭ

ਕੰਮ ਆੱਰਆੱਰਏਏ 2000 ਅਤੇ ਫ਼ੇਅਰ ਫ਼ਾੱਰ ਆੱਲ ਐੱਚ ਡੀ ਐੱਲ ਦੀਆਂ ਲੋੜਾਂ 'ਤੇ ਆਧਾਰਿਤ ਹੈ। ਇਸ ਨੂੰ ਕਮਿਊਨਿਟੀ ਦੀ ਯੋਜਨਾ, ਮੱਨੁਖੀ ਅਧਿਕਾਰ, ਸਮਾਨਤਾ ਅਤੇ ਅਸਮਾਨਤਾ ਅਤੇ ਪੇਸ਼ੰਟ ਫ਼ੋਕਸ ਅਤੇ ਪਬਲਿਕ ਇਨਵੋਲਵਮੈਂਟ (ਪੀਐੱਫ਼ਪੀਆਈ) ਦੀਆਂ ਐੱਨਐੱਚਐੱਸੱਕਾਟਲੈਂਡ ਸਥਾਪਿਤ ਹੋਰ ਜ਼ਿਆਦਾ ਜ਼ਿੰਮੇਦਾਰੀਆਂ ਨਾਲ ਨਿਸ਼ਚਿਤ ਤੌਰ 'ਤੇ ਗੱਡ ਦਿੱਤਾ ਗਿਆ ਹੈ।



# ਭਾਗ 1

ਨੈਸ਼ਨਲ ਰੀਸੋਰਸ ਸੈਂਟਰ ਫ਼ਾਰ ਐਥਨਿਕ ਮਾਈਨੋਰਿਟੀ ਹੈਲਥ (ਐਨਆਰਸੀਈਐੱਮਐੱਚ) ਨੂੰ ਫ਼ੰਡ ਸਕਾੱਟਿਸ਼ ਐਕਜ਼ੇਕਟਿਵ ਵਲੋਂ ਐੱਨਐੱਚਐੱਸਸਕਾਟਲੈਂਡ, ਖ਼ਾਸ ਕਰਕੇ ਹੈਲਥ ਬੋਰਡਸ, ਨੂੰ ਘੱਟ ਗਿਣਤੀ ਦੇ ਜਾਤੀ ਲੋਕਾਂ ਦੀ ਸਿਹਤ ਸੰਬੰਧੀ ਕੰਮਾਂ ਲਈ ਪ੍ਰਦਾਨ ਕੀਤਾ ਜਾਂਦਾ ਹੈ। ਐਨਆਰਸੀਈਐੱਮਐੱਚ ਦੀ ਕਾਰਵਾਈ 1 ਅਪ੍ਰੈਲ 2002 ਤੋਂ ਸ਼ੁਰੂ ਹੋਈ। ਇਸ ਵਿਚ ਡਾਈਰੈਕਟਰ, ਦੋ ਪ੍ਰਾਜੈਕਟ ਸੈਕ੍ਰੇਟਰੀ ਅਤੇ ਤਿੰਨ ਪ੍ਰਾਜੈਕਟ ਮੈਨੇਜਰ ਸ਼ਾਮਿਲ ਹਨ ਜੋ ਕਿ ਨੀਤੀ, ਜਾਣਕਾਰੀ ਅਤੇ ਸਿਖਲਾਈ ਦੀਆਂ ਮੁੱਖ ਪ੍ਰਾਥਮਿਕਤਾਵਾਂ 'ਤੇ ਕੇਂਦ੍ਰਿਤ ਹੁੰਦੇ ਹਨ। ਇਸ ਤੋਂ ਅਤਿਰਿਕਤ, ਐਨਆਰਸੀਈਐੱਮਐੱਚ ਰਾਹੀਂ ਬਿਰਾਦਰੀ ਦੀ ਤਰੱਕੀ ਦੀ ਮੁੱਖ ਚੌਥੀ ਪ੍ਰਾਥਮਿਕਤਾ ਦੇ ਵਾਧੇ ਦੀ ਲੋੜ ਬਾਰੇ ਪਹਿਲਾਂ ਤੋਂ ਹੀ ਪਤਾ ਲੱਗ ਗਿਆ ਸੀ।

ਐਨਆਰਸੀਈਐੱਮਐੱਚ ਦਾ ਮਿਸ਼ਨ ਇਹ ਉਸ ਯੋਗ ਸਿਹਤ ਸੇਵਾ ਦੀ ਨਿਸ਼ਚਿਤਤਾ ਦੀ ਮਦਦ ਕਰਨ ਲਈ ਹੈ ਕਿ ਜੋ ਘੱਟ ਗਿਣਤੀ ਦੀਆਂ ਸੀਮਾਬੱਧ ਜਾਤੀ ਬਿਰਾਦਰੀਆਂ ਦੀਆਂ ਸਮੱਸਿਆਵਾਂ ਨੂੰ ਸੰਬੋਧਿਤ ਕਰਦੀ ਹੈ ਅਤੇ ਪੱਖਪਾਤ ਵਿਰੋਧੀ ਨੀਤੀ ਅਤੇ ਅਭਿਆਸ 'ਤੇ ਆਧਾਰਿਤ ਸੰਵੇਦੀ ਅਤੇ ਸਭਿਆਚਾਰਕ ਤੌਰ 'ਤੇ ਨਿਪੁੰਨ ਸੇਵਾ ਦੀ ਸਹੂਲਤ ਪ੍ਰਦਾਨ ਕਰਦੀ ਹੈ।

# ਨੀਤੀ ਦਾ ਪ੍ਰਭਾਵ

ਪਿੱਛਲੇ ਸਾਲ ਐਨਆਰਸੀਈਐੱਮਐੱਚ ਨੇ ਸਕਾੱਟਲੈਂਡ ਦੀਆਂ ਸਾਰੀਆਂ ਬੋਰਡਸ ਅਤੇ ਟ੍ਰਸਟਸ ਨੂੰ ਉਨ੍ਹਾਂ ਦੀ ਰੇਸ ਇਕਵਾੱਲਿਟੀ ਸਕੀਮਾਂ ਅਤੇ ਫ਼ੇਅਰ ਫ਼ਾੱਰ ਆੱਲ ਐਕਸ਼ਨ ਪਲਾਨਾਂ ਦੀ ਤਰੱਕੀ ਕਰਨ ਅਤੇ ਨਾਲ ਹੀ ਸੀਆੱਰਈ ਦੀ ਸਾਂਝੇਦਾਰੀ 'ਚ ਰਾਸ਼ਟ੍ਰੀ ਸਮੀਖਿਆ ਦੀ ਕਾਰਵਾਈ ਦਾ ਪ੍ਰਬੰਧ ਕਰਨ 'ਚ ਮਦਦ ਕੀਤੀ ਸੀ।

ਸੀਆੱਰਈ ਦੀ ਸਾਂਝੇਦਾਰੀ 'ਚ ਕੰਮ 'ਚ ਵਾਧਾ ਕਰਨ ਲਈ ਐਨਆਰਸੀਈਐੱਮਐੱਚ ਸਹਾਇਕ ਹੋਈ ਹੈ ਜੋ ਕਿ ਯੁਨਾਇਟੇਡ ਕਿੰਗਡਮ ਦੇ ਹੋਰ ਤਿੰਨ ਖ਼ੇਤਰਾਂ 'ਚ ਹੁਣ ਦੇ ਸਮੇਂ ਦੀ ਮੌਜੂਦਾ ਸਿਹਤ ਸੰਸਥਾਵਾਂ ਲਈ ਹੋਰ ਜ਼ਿਆਦਾ ਸੰਯੁਕਤ ਅਤੇ ਸਹਾਇਕ ਸਿੱਖਿਆ ਪ੍ਰਦਾਨ ਕਰਦੀ ਹੈ। ਇਹ ਨਵਾਂ ਤਕੜਾ ਢਾਂਚਾ ਹੈ ਜੋ ਕਿ ਹੁਣ ਦੇ ਸਮੇਂ ਸਕਾੱਟਲੈਂਡ 'ਚ ਹੈ, ਇਸ ਰਾਹੀਂ ਸਿਹਤ ਦੀ ਜਾਤੀਗਤ ਸਮਾਨਤਾ ਦੇ ਖ਼ੇਤਰਾਂ ਵੱਲ ਧਿਆਨ ਦਿੱਤਾ ਜਾਵੇਗਾ। ਸੰਯੁਕਤ ਪਹੁੰਚ ਦਾ ਨਤੀਜਾ ਹੋਰ ਜ਼ਿਆਦਾ ਪ੍ਰਭਾਵਪੂਰਣ ਸਾਬਤ ਹੋਇਆ ਹੈ ਜੋ ਕਿ ਅਗਵਾਈ ਅਤੇ ਉੱਚ ਸੱਤਰ ਦੀ ਵਚਨਬੱਧਤਾ 'ਤੇ ਤਿਆਰ ਕੀਤਾ ਗਿਆ ਹੈ। ਇਸ ਰਾਹੀਂ ਹੁੰਦੇ ਗ਼ੈਰਲਾਭਾਂ ਨੂੰ ਘੱਟ ਕਰਨ ਅਤੇ ਨੀਤੀਆਂ ਅਤੇ ਯੋਜਨਾ ਬਣਾਉਣ ਦੀਆਂ ਸਾਰੀਆਂ ਕਾਰਵਾਈਆਂ ਲਈ ਸਥਾਨਿਕ ਅਸਮਾਨਤਾ ਬਾਰੇ ਵਿਚਾਰ ਕਰਨ 'ਚ ਮਦਦ ਹੋਵੇਗੀ।

ਇਸ ਰਿਪੋਰਟ ਲਈ ਕੀਤੇ ਵਿਸ਼ਲੇਸ਼ਣ ਤੋਂ ਨਿਸ਼ਚਿਤ ਹੁੰਦਾ ਹੈ ਕਿ ਦੋ ਸਾਲਾਂ ਪਹਿਲਾਂ ਦੇ ਫ਼ੇਅਰ ਫ਼ਾੱਰ ਆੱਲ ਸਟੋਕਟੇਕਸ ਤੋਂ ਲੈ ਕੇ ਹੁਣ ਤੱਕ ਕਾਫ਼ੀ ਉਨੱਤੀ ਹੋਈ ਹੈ। ਕੁੱਝ ਬੋਰਡਸ ਅਤੇ ਟ੍ਰਸਟਸ ਨੇ ਉਨ੍ਹਾਂ ਦੀਆਂ ਜਿਹੜੀਆਂ ਲੋੜਾਂ ਬਾਰੇ ਮੰਗ ਕੀਤੀ ਸੀ ਉਸ ਦਾ ਜਵਾਬ ਉਤਸਾਹ ਨਾਲ ਦਿੱਤਾ ਗਿਆ ਹੈ, ਜਦੋਂ ਕਿ ਖੇਦ ਦੀ ਗੱਲ ਹੈ ਕਿ ਹੋਰ ਜ਼ਿਆਦਾ ਧਿਆਨ ਦਿੱਤੇ ਜਾਣ ਵਾਲੇ ਵਿਸ਼ੇ ਵੱਲ ਅਭਿਆਸ ਦੀ ਤੌਰ 'ਤੇ ਬਹੁਤ ਘੱਟ ਧਿਆਨ ਦਿੱਤਾ ਗਿਆ ਹੈ। ਜਾਤੀ ਸਮਾਨਤਾ ਦੇ ਪ੍ਰਬੰਧਾਂ (ਰੇਸ ਇਕਵੱਲਿਟੀ ਸਕੀਮਸ) ਅਤੇ ਕਾਰਵਾਈ ਦੀਆਂ ਯੋਜਨਾਵਾਂ (ਐਕਸ਼ਨ ਪਲਾਨਸ) ਦੇ ਨਤੀਜੇ ਵਜੋਂ ਕਈ ਸੰਸਥਾਵਾਂ ਅਤੇ ਵਿਅਕਤੀਗਤ ਲੋਕਾਂ ਨੂੰ ਸੰਸਥਾਗਤ ਜਾਤੀਗਤ ਨੂੰ ਸਮਝਣ 'ਚ ਸਪਸ਼ਟ ਤੌਰ 'ਤੇ ਮਦਦ ਮਿਲੀ ਹੈ। ਕਈ ਲੋਕਾਂ ਲਈ, ਇਹ ਨਵਾਂ ਖ਼ੇਤਰ ਹੈ, ਅਤੇ ਆਉਣ ਵਾਲੇ ਸਮੇਂ ਦਰਮਿਆਨ ਨਿਪੁੰਨਤਾ ਅਤੇ ਗੁਪਤਤਾ ਵੱਲ ਜ਼ਿਆਦਾ ਧਿਆਨ ਦਿੱਤਾ ਜਾਵੇਗਾ। ਹਜੇ ਵੀ ਸਾਰੇ ਨੌਕਰਾਂ ਅਤੇ ਬੋਰਡ ਦੇ ਮੈਂਬਰਾਂ ਦਰਮਿਆਨ ਇਸ ਅਜੈਂਡਾ ਦੇ ਅਧਿਕਾਰ ਨੂੰ ਪ੍ਰਾਪਤ ਕਰਨ ਲਈ ਚੁਨੌਤੀ ਹੈ, ਨਾਲ ਹੀ ਘੱਟ ਗਿਣਤੀ ਦੇ ਜਾਤੀ ਲੋਕਾਂ ਦੀ ਸਿਹਤ ਸੰਬੰਧੀ ਕਾਰਜ-ਸੂਚੀ ਨੂੰ ਪੂਰਾ ਕਰਨ ਰਾਹੀਂ ਬਿਰਾਦਰੀਆਂ ਦੇ ਵਿਸ਼ਵਾਸ ਅਤੇ ਗੁਪਤਤਾ ਨੂੰ ਸਥਾਪਿਤ ਕੀਤਾ ਜਾਂਦਾ ਹੈ।

ਬੋਰਡਸ 'ਚ ਕਾਨੂੰਨੀ ਅਤੇ ਨੀਤੀ ਦੀਆਂ ਆਮ ਲੋੜਾਂ ਤੋਂ ਅਤਿਰਿਕਤ, ਕੁੱਝ ਗਿਣਤੀ ਦੀਆਂ ਪ੍ਰਾਥਮਿਕਤਾਵਾਂ ਨੂੰ ਮਹੱਤਤਾ ਦਿੱਤੀ ਸੀ ਕਿ ਜਿਨ੍ਹਾਂ 'ਤੇ ਵਿਸ਼ੇਸ਼ ਕੇਂਦ੍ਰਿਤ ਹੋਣ ਦੀ ਲੋੜ ਹੈ। ਉੱਤਮ ਅਭਿਆਸ ਦੀ ਸਾਂਝ ਅਤੇ ਉਤਸਾਹਿਤ ਕਰਨ ਲਈ ਵਿਸ਼ਾ ਸੰਬੰਧੀ ਨੈਟਵਰਕਸ ਸਥਾਪਿਤ ਕੀਤਾ ਗਿਆ ਸੀ। ਨੀਤੀ 'ਚ, ਸ਼ਾਮਿਲ ਹੈ ਜਿਪਸੀ ਯਾਤ੍ਰੀ, ਸ਼ਰਨਾਰਥੀ ਅਤੇ ਰੀਫ਼ੀਉਜੀ, ਬਿਰਾਦਰੀ ਦੀ ਤਰੱਕੀ, ਦਿਮਾਗ਼ੀ ਸਿਹਤ ਅਤੇ ਕੈਂਸਰ ਨੈਟਵਰਕਸ:-

**ਬਿਰਾਦਰੀ ਦੀ ਤਰੱਕੀ:** ਸੰਚਾਲਨ ਸਮੂਹ ਰਾਹੀਂ ਤਿਆਰ ਕੀਤੀ ਯੋਜਨਾ ਤੋਂ ਸਪਸ਼ਟ ਤੌਰ 'ਤੇ ਪਤਾ ਚੱਲਦਾ ਹੈ ਕਿ ਐਨਆੱਰਸੀਈਐੱਮਐੱਚ ਦੇ ਕੰਮ ਦਾ ਚੌਥਾ ਤਕੜਾ ਸਮਰਥਕ ਹੈ ਬਿਰਾਦਰੀ ਦੀ ਤਰੱਕੀ। ਐਨਆੱਰਸੀਈਐੱਮਐੱਚ ਨੇ ਐੱਸਈਐੱਚਡੀ ਦੀ ਪੇਸ਼ੰਟ ਫ਼ੋਕਸ ਅਤੇ ਕਵੱਲਿਟੀ ਯੂਨਿਟ ਦੀ ਸਹਾਇਤਾ ਨਾਲ ਪੇਸ਼ੰਟ ਫ਼ੋਕਸ ਅਤੇ ਪਬਲਿਕ ਇਨਵੋਲਵਮੈਂਟ ਅਜੈਂਡਾ ਦੀ ਜ਼ਿੰਮੇਦਾਰੀ ਲੈਣ ਲਈ ਘੱਟ ਗਿਣਤੀ ਦੀਆਂ ਮੌਜੂਦਾ ਰਾਸ਼ਟ੍ਰੀ ਸੰਸਥਾਵਾਂ ਦੀ ਸਾਝੇਦਾਰੀ ਨਾਲ ਕੰਮ ਕਰਨ ਵਾਲਾ ਇਕ ਜੁੱਟ ਤਿਆਰ ਕੀਤਾ ਹੈ।

**ਦਿਮਾਗ਼ੀ ਸਿਹਤ ਅਤੇ ਸਲਾਮਤੀ/ਪਦਾਰਥ ਦੀ ਦੁਵਰਤੋਂ:** ਸਕਾੱਟਿਸ਼ ਐਕਜ਼ੇਕਟਿਵ ਨੇ ਦਿਮਾਗ਼ੀ ਸਿਹਤ ਨੂੰ ਇੱਕ ਰਾਸ਼ਟ੍ਰੀ ਪ੍ਰਾਥਮਿਕਤਾ ਦੀ ਤੌਰ 'ਤੇ ਸਵੀਕਾਰ ਕੀਤਾ ਹੈ ਅਤੇ ਇਸ ਦੇ ਨਾਲ ਹੀ ਮੈਂਟਲ ਵੇਲਫ਼ੇਅਰ ਕਮਿਸ਼ਨ ਨੇ ਇਸ ਸਾਲ ਦੇ ਕੰਮ ਲਈ ਇਸ ਵਿਸ਼ਾ ਨੂੰ ਪ੍ਰਾਥਮਿਕਤਾ ਦਿੱਤੀ ਹੈ। ਇਸ ਰਾਸ਼ਟ੍ਰੀ ਕੇਂਦ੍ਰ ਨੂੰ ਮਦਦ ਕਰਨ ਲਈ, ਇਹ ਅਨੁਮਾਨ ਲਾਇਆ ਗਿਆ ਹੈ ਕਿ ਇੱਕ ਰਾਸ਼ਟ੍ਰੀ ਨੈਟਵਰਕ ਤਿਆਰ ਕੀਤਾ ਜਾਵੇਗਾ ਅਤੇ ਐਨਆੱਰਸੀਈਐੱਮਐੱਚ ਲਈ ਇੱਕ ਨਵੇਂ ਜ਼ਿੰਮੇਦਾਰ ਵਿਅਕਤੀ ਦਾ ਪ੍ਰਬੰਧ ਕੀਤਾ ਜਾਵੇਗਾ। ਇਹ ਕੰਮ ਬੋਰਡਸ ਅਤੇ ਟ੍ਰਸਟਸ 'ਚ ਅਤੇ ਮੌਜੂਦਾ ਘੱਟ ਗਿਣਤੀ ਦੀਆਂ ਜਾਤੀ ਸਹਾਇਕ ਸੰਸਥਾਵਾਂ ਦੇ ਕੰਮ ਦੇ ਅਭਿਆਸ ਦੀ ਯੋਜਨਾ ਬਣਾਉਣ ਦੇ ਕੰਮ ਨੂੰ ਜਾਰੀ ਰੱਖਣ ਦੇ ਨਾਲ ਹੀ ਦਿਮਾਗ਼ੀ ਸਿਹਤ ਦੀਆਂ ਯੋਜਨਾਵਾਂ ਦੀ ਵਰਤਮਾਨ ਹਾਲਾਤ ਦੀ ਸਪਸ਼ਟਤਾ 'ਤੇ ਕੇਂਦ੍ਰਿਤ ਹੋਵੇਗਾ। ਅਤੇ, ਸਿਹਤ ਅਤੇ ਸਮਾਜਿਕ ਦੇਖਭਾਲ ਦੇ ਪੂਰੇ ਰੋਜ਼ਗਾਰਾਂ ਦੀ ਸਿੱਖਿਆ ਅਤੇ ਸਿਖਲਾਈ ਦੀ ਬਾਹਰੀ/ਅੰਦਰੂਨੀਸਭਿਆਚਾਰੀ ਦਿਮਾਗ਼ੀ ਸਿਹਤ ਦੀ ਪੜ੍ਹਾਈ ਨੂੰ ਯਕੀਨੀ ਬਣਾਉਣ 'ਤੇ ਕੇਂਦ੍ਰਿਤ ਹੁੰਦੇ ਕੰਮ 'ਚ ਹੁਣ ਵਾਧਾ ਹੋ ਰਿਹਾ ਹੈ।

**ਕੈਂਸਰ:** ਸੀਆੱਰਈ ਦੀ ਬੇਨਤੀ 'ਤੇ, ਐਨਆੱਰਸੀਈਐੱਮਐੱਚ ਨੇ ਰਾਸ਼ਟ੍ਰੀ ਕੈਂਸਰ ਯੋਜਨਾ ਦੇ ਸੰਬੰਧ 'ਚ ਸਲਾਹ-ਮਸ਼ਵਰੇ ਦੀ ਯੋਜਨਾ ਤਿਆਰ ਕਰਨ ਦੀ ਸਹਿਮਤੀ ਦਿੱਤੀ ਹੈ। ਬਹੁ-ਏਜੰਸੀ ਜੁੱਟ ਦੀ ਰਚਨਾ ਵਿਸ਼ੇਸ਼ ਕੰਮ ਕਰਨ ਲਈ ਕੀਤੀ ਗਈ ਹੈ ਜਿਸ ਨੂੰ ਬਿਰਾਦਰੀ ਦੀ ਵਿਸ਼ੇਸ਼ ਤਰੱਕੀ ਅਤੇ ਸਿਹਤ ਸੰਬੰਧੀ ਤਰੱਕੀ ਦੀਆਂ ਲੋੜਾਂ, ਸਾਝੇਦਾਰੀ 'ਚ ਕੰਮ ਕਰਨਾ ਅਤੇ ਸਾਰੀਆਂ ਹਾਲਾਤਾਂ ਦਾ ਪ੍ਰਭਾਵਪੂਰਣ ਤੌਰ 'ਤੇ ਨਿਰੀਖਣ ਕਰਨਾ । ਇਸ ਨੂੰ ਅੱਗੇ ਵਧਾਉਣ ਲਈ ਇਕ ਸੰਯੁਕਤ ਜਵਾਬ ਦੀ ਪ੍ਰਾਪਤੀ ਕਰਨ ਦੇ ਸੰਬੰਧ 'ਚ ਮੈਕਮਿਲਨ ਕੈਂਸਰ ਰਿਲੀਫ਼ ਨਾਲ ਮੁਢਲੀ ਗੱਲਬਾਤ ਸ਼ੁਰੂ ਹੋਈ ਹੈ ਜਿਸ ਰਾਹੀਂ ਮੌਜੂਦਾ ਸਮੱਸਿਆਵਾਂ ਅਤੇ ਸਵਾਲਾਂ ਦੇ ਉਪਯੋਗੀ ਹੱਲ ਪ੍ਰਾਪਤ ਕੀਤੇ ਜਾਣਗੇ।

**ਜਿਪਸੀ/ਯਾਤ੍ਰੀ:** 2000 ਦੇ ਫ਼ੇਅਰ ਫ਼ਾੱਰ ਆੱਲ ਸਟੋਕਟੇਕ ਵਿਚ ਮੌਜੂਦਾ ਪ੍ਰਬੰਧ 'ਚ ਕੁੱਝ ਗਿਣਤੀ ਦੇ ਫਰਕਾਂ ਨੂੰ ਮਹੱਤਤਾ ਦਿੱਤੀ ਹੈ, ਜਿਪਸੀ/ਯਾਤ੍ਰੀਆਂ ਅਤੇ ਸ਼ਰਨਾਰਥੀ ਅਤੇ ਰੀਫ਼ੀਉਜਿਸ, ਇਵੇਂ ਦੋਨ੍ਹਾਂ ਨਾਲ ਕੰਮ ਕਰਨ ਲਈ ਵਚਨਬੱਧਤਾ ਦੀ ਕਮੀ ਬਾਰੇ ਚਿੰਤਾ ਪ੍ਰਗਟ ਕੀਤੀ ਹੈ। ਜਿਪਸੀ/ਯਾਤ੍ਰੀਆਂ ਦੇ ਸੰਬੰਧ 'ਚ, ਸਿਹਤ ਦੀਆਂ ਪ੍ਰਾਥਮਿਕਤਾਵਾਂ ਬਾਰੇ ਵਾਦ-ਵਿਵਾਦ ਸ਼ੁਰੂ ਕਰਨ ਲਈ, ਜਨਵਰੀ 2003 'ਚ ਹੋਈ ਇਕ ਰਾਸ਼ਟ੍ਰੀ ਬੈਠਕ 'ਚ, ਬਿਰਾਦਰੀ ਦੇ ਪ੍ਰਤਿਨਿਧੀਆਂ ਨਾਲ ਇੱਕ ਜਨ-ਸਭਾ ਦਾ ਪ੍ਰਬੰਧ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਕਾਰਵਾਈ ਦੇ ਖ਼ੇਤਰਾਂ 'ਚ ਸ਼ਾਮਿਲ ਹੈ ਸਿਹਤ ਸੁਧਾਰ 'ਚ ਵਾਧਾ ਕਰਨ ਲਈ ਸਾਮਗ੍ਰੀ ਦਾ ਉਤਪਾਦਨ, ਬਿਰਾਦਰੀ ਦਾ ਮੁਲੰਕਣ ਅਤੇ ਸਿਹਤ ਸੰਬੰਧੀ ਆਪ ਹੱਥੀਂ ਰੱਖੇ ਜਾਂਦੇ ਰਿਕਾਰਡਾਂ ਦਾ ਰਾਸ਼ਟ੍ਰੀ ਸਮੀਕਰਣ।

ਸ਼ਰਨਾਰਥੀ ਅਤੇ ਰੀਫ਼ੀਉਜਿਸ: ਐੱਨਆੱਰਸੀਈਐੱਮਐੱਚ ਰਾਹੀਂ ਸਕਾੱਟਲੈਂਡ 'ਚ ਰੀਫ਼ੀਉਜਿਸ ਅਤੇ ਸ਼ਰਨਾਰਥੀਆਂ ਦੇ ਏਕੀਕਰਣ ਲਈ ਇਕ ਨੈਸ਼ਨਲ ਐਕਸ਼ਨ ਪਲਾਨ ਦਾ ਪ੍ਰਬੰਧ ਕਰਨ ਲਈ ਸਕਾੱਟਿਸ਼ ਐਕਜ਼ੇਕਟਿਵ ਦੇ *ਸਕਾੱਟਿਸ਼ ਰੀਫ਼ੀਉਜੀ ਇਨਟਿਗ੍ਰੇਸ਼ਨ ਫ਼ੋਰਮ (ਐੱਸਆੱਰਆਈਐੱਫ)* ਦੇ ਕੰਮ ਦਾ ਸਮਰਥਨ ਕੀਤਾ ਗਿਆ ਹੈ। ਐੱਨਆੱਰਸੀਈਐੱਮਐੱਚ ਇਹ ਐੱਫ਼ਐੱਫ਼ਏ ਏਜੰਡਾ ਦੇ ਹਿੱਸੇ ਦੀ ਤੌਰ 'ਤੇ ਸਿਹਤ ਅਤੇ ਸਾਮਾਜਿਕ ਦੇਖਭਾਲ ਦੀਆਂ ਕਾਰਵਾਈਆਂ ਦੀ ਐੱਸਆੱਰਆਈਐੱਫ਼ ਦੀ ਰਿਪੋਰਟ ਨੂੰ ਅੱਗੇ ਵਧਾਉਣ ਲਈ ਐੱਨਐੱਚਐੱਸ ਦੀ ਸਹਾਇਤਾ ਕਰਨ ਦੀ ਮੁੱਖ ਭੂਮਿਕਾ ਅਦਾ ਕਰੇਗੀ।



## ਸਿੱਖਲਾਈ ਅਤੇ ਤਰੱਕੀ ਦਾ ਪ੍ਰਭਾਵ

ਐੱਨਆੱਰਸੀਈਐੱਮਐੱਚ ਦੀ ਸਿਖਲਾਈ ਦੇ ਪ੍ਰਬੰਧ ਦੇ ਕੰਮ ਦਾ ਮੁੱਖ ਉਦੇਸ਼ ਜਾਣਕਾਰੀ, ਸਭਿਆਚਾਰਕ ਤੌਰ 'ਤੇ ਭਾਵੁਕ ਰਵੱਈਏ ਅਤੇ ਸਭਿਆਰਕ ਤੌਰ 'ਤੇ ਯੋਗ ਸੇਵਾਵਾਂ ਪ੍ਰਦਾਨ ਕਰਨ ਲਈ ਉਨ੍ਹਾਂ ਨੂੰ ਤਿਆਰ ਕਰਨ ਲਈ ਐੱਨਐੱਚਐੱਸ ਸਟਾਫ਼ ਦੀਆਂ ਮਹਾਰਤਾਂ 'ਚ ਸੁਧਾਰ ਕਰਨ ਦੀ ਯੋਜਨਾ ਦਾ ਪ੍ਰਬੰਧ ਕਰਨਾ ਹੈ। ਸਿਖਲਾਈ ਅਤੇ ਪ੍ਰਬੰਧ ਦੇ ਨੈਟਵਰਕ ਦੀ ਸਹਾਇਕ ਪਹੁੰਚ ਰਾਹੀਂ ਸਿਖਲਾਈ ਦੇ ਪ੍ਰਬੰਧ ਦੇ ਏਜੰਡਾ ਨੂੰ ਅੱਗੇ ਵਧਾਉਣਾ ਹੈ। ਪਾਠਕ੍ਰਮ ਨੂੰ ਤਿੰਨ ਵਿਆਪਕ ਸ਼੍ਰੇਣੀਆਂ 'ਚ ਵੰਡੀਆ ਗਿਆ ਹੈ: ਜਾਣਕਾਰੀ ਅਤੇ ਸਮਝ; ਭਿੰਨਤਾ ਅਤੇ ਸਭਿਆਰਚਕ ਤੌਰ 'ਤੇ ਸੰਵੇਦੀ ਵਿਵਹਾਰ ਦੀ ਮਹੱਤਤਾ; ਅਤੇ ਪ੍ਰਭਾਵਪੁਰਣ ਗੱਲਬਾਤ ਅਤੇ ਘੱਟ ਗਿਣਤੀ ਦੇ ਜਾਤੀ ਲੋਕਾਂ ਦੀ ਜਾਣਕਾਰੀ ਦੀ ਵਰਤੋਂ/ਇਕੱਠ। ਪੀਐੱਫ਼ਪੀਆਈ ਅਤੇ ਐਫ਼ਐਫ਼ਏ ਇਵੇਂ ਦੋਨੋਂ ਏਜੰਡਾ ਨੂੰ ਪ੍ਰਦਾਨ ਕਰਨ ਲਈ ਸਕਾੱਟਿਸ਼ ਐਕਜ਼ੇਕਟਿਵ ਦੀ ਸਹਾਇਤਾ ਨਾਲ ਸਕਾੱਟਲੈਂਡ 'ਚ ਐੱਨਐੱਚਐੱਸ ਸਟਾੱਫ਼ ਦਾ ਮੁਲਕੰਣ ਕਰਨ ਲਈ ਇਕ ਰਾਸ਼ਟ੍ਰੀ ਸਿਖਲਾਈ ਦੀ ਲੋੜ ਹੈ। ਹੈਲਥ ਬੋਰਡਸ ਵਿਕਾਸ ਦੇ ਸਮਰਥਨ 'ਚ ਸਿਖਲਾਈ ਦੀਆਂ ਯੋਜਨਾਵਾਂ ਦਾ ਪ੍ਰਬੰਧ ਕਰਨ ਲਈ ਇਕ ਡਰਾਫ਼ਟ ਦਾ ਢਾਂਚਾ ਤਿਆਰ ਕੀਤਾ ਗਿਆ ਹੈ। ਹੋਰ ਕ੍ਰਿਆਵਾਂ 'ਚ ਸ਼ਾਮਿਲ ਹੈ ਸਿਖਲਾਈ ਦੇ ਪ੍ਰਬੰਧ ਬਾਰੇ ਸਮਾਚਾਰ-ਪਤੱਰ ਦੀ ਪ੍ਰਾਥਮਿਕਤਾ ਅਤੇ ਐੱਨਐੱਚਐੱਸ ਐਜੂਕੇਸ਼ਨ ਸਕਾੱਟਲੈਂਡ ਦੇ ਨਾਲ ਮਿਲ ਕੇ ਸਭਿਆਚਾਰਕ ਤੌਰ 'ਤੇ ਯੋਗ ਵਿਸ਼ੈ ਦਾ ਪ੍ਰਬੰਧ ਕਰਨਾ।

## ਜਾਣਕਾਰੀ, ਨਿਰੀਖਣ ਅਤੇ ਛਾਣਬੀਣ ਦਾ ਪ੍ਰਭਾਵ

ਸਕਾੱਟਲੈਂਡ 'ਚ ਸਿਹਤ ਅਤੇ ਜਾਤੀ ਦੀ ਵਿਸਥਾਰਪੁਰਣ ਜਾਣਕਾਰੀ ਦੀ ਇਸ ਸੰਬੰਧ 'ਚ ਕਮੀ ਹੈ ਕਿ ਇੰਗਲੈਂਡ ਅਤੇ ਵੇਲਜ਼ ਤੋਂ ਜਾਣਕਾਰੀ ਪ੍ਰਾਪਤ ਕਰਨ ਦੇ ਆਧਾਰ 'ਤੇ ਨੀਤੀ ਦੇ ਫ਼ੈਸਲੇ ਅਤੇ ਪ੍ਰਾਥਮਿਕਤਾਵਾਂ ਸਥਾਪਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਐੱਨਆੱਰਸੀਈਐੱਮਐੱਚ ਦਾ ਮੁੱਖ ਉਦੇਸ਼ ਜਾਣਕਾਰੀ ਸੰਬੰਧੀ ਨੀਤੀ ਬਣਾਉਣਾ, ਅਭਿਆਸ ਦਾ ਪੱਧਰ ਕਾਇਮ ਕਰਨਾ ਅਤੇ ਨੈਸ਼ਨਲ ਐਥਨਿਕ ਹੈਲਥ ਡੇਟਾ ਸੰਗ੍ਰਿਹ ਲਈ ਜਾਣਕਾਰੀ ਦੇ ਵਿਸ਼ੈ ਦੀ ਸਿਫ਼ਾਰਿਸ਼ ਕੀਤੀ ਜਾਣਕਾਰੀ ਦੀ ਸੂਚੀ ਤਿਆਰ ਕਰਨਾ। ਇਸ ਕੰਮ ਰਾਹੀਂ ਮਨੁੱਖੀ ਸ਼੍ਰੋਤ ਅਤੇ ਸੇਵਾ ਪ੍ਰਦਾਨ ਕਰਨ ਦੇ ਵਿਚਾਰ ਇਵੇਂ ਦੋਨ੍ਹਾਂ ਸੰਬੰਧੀ ਜਾਤੀ ਨਿਰੀਖਣ 'ਤੇ ਅਮਲ ਕਰਨ ਦੀ ਕੋਸ਼ੀਸ਼ ਕਰਨਾ ਹੈ। ਐੱਨਆੱਰਸੀਈਐੱਮਐੱਚ ਰਾਹੀਂ ਇਨਫ਼ਾੱਰਮੇਸ਼ਨ ਸਟੇਟਿਕਸ ਡਿਵਿਜ਼ਨ (ਆਈਐੱਸਡੀ) ਦੇ ਨਾਲ, ਐਡਿਨਬਰਾ ਯੁਨਿਵਰਸਿਟੀ 'ਚ ਪੜ੍ਹਾਈ ਕਰਨ ਲਈ ਇਕ ਮਹੱਤਵਪੁਰਣ ਭੂਮਿਕਾ ਅਦਾ ਕੀਤੀ ਜਾਂਦੀ ਹੈ, ਜਿਸ ਦਾ ਉਦੇਸ਼ ਸਕਾੱਟਲੈਂਡ ਦੀ ਸਿਹਤ ਡੇਟਾਬੇਜ਼ ਲਈ ਜਾਤੀ ਕੋਡਸ ਨੂੰ ਨਿਰਧਾਰਿਤ ਕਰਨ ਦੀ ਅਤੀਤ ਪ੍ਰਭਾਵੀ ਤੌਰ 'ਤੇ ਕੋਸ਼ਿਸ਼ ਕਰਨਾ ਹੈ।

ਇਲੈਕਟ੍ਰੋਨਿਕ ਸ਼੍ਰੋਤ ਦੀ ਤੌਰ 'ਤੇ ਕੰਮ ਕਰਨ ਦੇ ਉਦੇਸ਼ ਵਾਲੀ ਜਾਣਕਾਰੀ ਪ੍ਰਦਾਨ ਕਰਨ ਦੀ ਇੱਕ ਵੈਬਸਾਈਟ ਦਾ ਹੁਣੇ ਹੀ ਪ੍ਰਬੰਧ ਕੀਤਾ ਗਿਆ ਹੈ।

**ਪੁਰਾਣੀ ਬੀਮਾਰੀ ਦਾ ਪ੍ਰਬੰਧ:** ਪੈਰਾ 85 ਅਧੀਨ *ਸਕਾੱਟਿਸ਼ ਡਾਇਆਬਿਟਿਸ ਫ਼ਰੇਮਵਰੱਕ* ਦੇ ਅੰਦਰ, ਐਥਨਿਕ ਮਾਈਨੋਰਿਟੀ ਲਈ ਨੈਸ਼ਨਲ ਰੀਸੋਰਸ ਸੈਂਟਰ ਰਾਹੀਂ ਸਕਾੱਟਲੈਂਡ 'ਚ ਐਥਨਿਕ ਮਾਇਨੋਰੀਟੀਜ਼ ਅੰਦਰ ਐਪਿਡਿਮਿਓਲਾੱਜੀ ਆੱਫ਼ ਡਾਇਆਬਿਟਿਜ਼ ਦੇ ਬਾਰੇ ਰਿਪੋਰਟ ਤਿਆਰ ਕਰਨ ਲਈ ਕਮਿਸ਼ਨ ਦੀ ਨਿਯੁਕਤੀ ਕੀਤੀ ਹੈ। ਮੁਢਲੇ ਨਤੀਜੇ 2003 ਦੇ ਅੰਤ 'ਚ ਇਨਟਨੇਸ਼ਨਲ ਸਿਮਪੋਸਿਅਮ 'ਚ ਦਿੱਤੇ ਜਾਣਗੇ।

**ਹੈਮੋਗਲੋਬਿਨੋਪੇਥਿਜ਼:** ਇਸ ਖ਼ੇਤਰ 'ਚ ਸਕ੍ਰੀਨਿੰਗ (ਜਾਂਚ-ਪੜਤਾਲ ਕਰਨ) ਲਈ ਜ਼ਰੂਰੀ ਮੁਲੰਕਣ ਕਰਨ ਦਾ ਪ੍ਰਬੰਧ ਇਕ ਕੰਮ ਕਰਨ ਵਾਲੇ ਸਮੂਹ ਰਾਹੀਂ ਕੀਤਾ ਜਾਂਦਾ ਹੈ।

# ਹਿੱਸਾ 2

ਫ਼ੇਅਰ ਫ਼ੌਰ ਆੱਲ ਐੱਚਡੀਐੱਲ 2002 (51) ਅਤੇ ਰੇਸ ਇਕਵਾੱਲਿਟੀ ਦੇ ਪ੍ਰਬੰਧਾਂ 'ਤੇ ਅਮਲ ਕਰਨ ਰਾਹੀਂ ਐੱਨਐੱਚਐੱਸਸਕਾੱਟਲੈਂਡ 'ਚ ਹੋਈ ਤਰੱਕੀ ਬਾਰੇ ਇਸ ਵਿਭਾਗ 'ਚ ਜਾਣਕਾਰੀ ਦਿੱਤੀ ਹੈ।

## ਵਿਭਾਗ 1: ਫ਼ੇਅਰ ਫ਼ੌਰ ਆੱਲ

2000 'ਚ ਐੱਨਐੱਚਐੱਸ ਸੰਸਥਾਵਾਂ ਅੰਦਰ ਸਭਿਆਚਾਰਕ ਯੋਗਤਾ ਦੇ ਦਰਜੇ ਦਾ ਨਿਰੀਖਣ ਕਰਨ ਲਈ ਫ਼ੇਅਰ ਫ਼ਾਰ ਆੱਲ ਸਟੋਕਟੇਕ ਦਾ ਪ੍ਰਬੰਧ ਕੀਤਾ ਗਿਆ ਸੀ। ਚਾਰ ਸ਼ੀਰਸ਼ਕਾਂ ਅਧੀਨ ਮੁੱਖ ਮੰਗਾਂ ਨੂੰ ਸਵੀਕਾਰ ਕੀਤਾ ਗਿਆ ਸੀ: ਸਮਾਨ ਅਵਸਰ; ਅਗਵਾਈ; ਨੀਤੀ-ਪ੍ਰਬੰਧਿਤ ਯੋਜਨਾਵਾਂ ਅਤੇ ਜ਼ਿੰਮੇਦਾਰੀਆਂ। ਐੱਚਡੀਐੱਲ (2000) 51 ਮਾਰਗਦਰਸ਼ਨ ਦੇ ਪ੍ਰਕਾਸ਼ਨ ਨਾਲ, ਐੱਨਐੱਚਐੱਸਸਕਾੱਟਲੈਂਡ ਲਈ ਸਕਾੱਟਿਸ਼ ਐਕਜ਼ੇਕਟਿਵ ਰਾਹੀਂ ਲਕਸ਼ਾਂ ਦੇ ਤਿੰਨ ਸਾਲ ਦੇ ਪ੍ਰੋਗ੍ਰਾਮ ਦਾ ਸੁਝਾਉ ਦਿੱਤਾ ਗਿਆ ਸੀ। ਇਸ ਵਿਚ ਸ਼ਾਮਿਲ ਹੈ ਪ੍ਰਭਾਵਪੂਰਣ ਅਗਵਾਈ ਰਾਹੀਂ ਸੰਸਥਾ ਨੂੰ ਕ੍ਰਿਆਸ਼ੀਲ ਕਰਨਾ; ਖ਼ਤਰਾ ਹੋਣ ਵਾਲੇ ਨਿਵਾਸੀਆਂ ਦੇ ਜਨ-ਅੰਕਣ ਦੀ ਰੂਪ-ਰੇਖਾ ਦਾ ਮੁਲੰਕਣ ਕਰਨਾ ਅਤੇ ਯੋਜਨਾ ਦੇ ਪ੍ਰਬੰਧ ਨੂੰ ਵਧਾਉਣ ਦੇ ਸੰਬੰਧ 'ਚ ਸਿਹਤ ਸੰਬੰਧੀ ਲੋੜਾਂ ਦਾ ਮੁਲੰਕਣ ਕਰਨਾ; ਸਭਿਆਚਾਰਕ ਅਤੇ ਧਾਰਮਿਕ ਲੋੜਾਂ ਲਈ ਸੰਵੇਦੀ ਸੇਵਾਵਾਂ ਦੇ ਪ੍ਰਬੰਧ ਦੀ ਨਿਸ਼ਚਿਤਤਾ ਕਰਨ ਰਾਹੀਂ ਸੇਵਾਵਾਂ ਦੀ ਪਹੁੰਚ 'ਚ ਵਾਧਾ ਕਰਨਾ; ਅਤੇ ਦੇਖਭਾਲ ਦੇ ਤਰੀਕਿਆਂ ਬਾਰੇ ਲੋਕਾਂ ਦੇ ਵਿਚਾਰ ਸੁਣਨਾ ਅਤੇ ਉਨ੍ਹਾਂ ਨੂੰ ਸ਼ਾਮਿਲ ਕਰਨ ਰਾਹੀਂ ਬਿਰਾਦਰੀ ਦੀ ਤਰੱਕੀ ਨੂੰ ਪ੍ਰਾਪਤ ਕਰਨ ਦਾ ਪ੍ਰਬੰਧ ਕਰਨਾ।

## ਵਿਭਾਗ II: ਜਾਤੀ-ਮਸਾਨਤਾ ਅਤੇ ਸਭਿਆਚਾਰਕ ਯੋਗਤਾ ਲਈ ਐੱਨਐੱਚਐੱਸਕਾਟਲੈਂਡ ਦੀ ਜ਼ਿੰਮੇਦਾਰੀ

ਜਦੋਂ ਕਿ ਸਾਨੂੰ ਇਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਬਹੁਤ ਸਮੇਂ ਦੀ ਲੋੜ ਹੈ, ਸਟਾੱਕਟੇਕ 'ਚ ਸਥਿਤੀ ਦੇ ਮੁਕਾਬਲੇ 'ਚ ਮਹੱਤਵਪੂਰਣ ਸੁਧਾਰ ਹੋਣ ਨਾਲ, ਪੂਰੇ ਐੱਨਐੱਚਐੱਸਕਾੱਟਲੈਂਡ 'ਚ ਸਮਾਨਤਾ ਦੇ ਵਿਸ਼ੈ ਨੂੰ ਵਧਾਉਣ ਲਈ ਸੰਸਥਾਈ ਵਚਨਬੱਧਤਾ 'ਚ ਵਾਧਾ ਕਰਨ ਦਾ ਸੰਕੇਤ ਹੈ। ਇਸ ਏਜੰਡਾ ਲਈ ਵਿਅਕਤੀਗਤ ਵਚਨਬਧੱਤਾ ਨੂੰ ਸਿੱਧ ਕਰਨ ਲਈ ਕਮਿਸ਼ਨ ਫ਼ਾਰ ਰੇਸ਼ਿਅਲ ਇਕਵਾੱਲਿਟੀ ਦੀ ਲੀਡਰਸ਼ੀਪ ਚੈਲੇਂਜ ਲਈ ਐੱਨਐੱਚਐੱਸ ਚੀਫ਼ ਐਕਜ਼ੇਕਟਿਵ ਅਫ਼ਸਰ ਇਕਮਤ ਹੋਏ ਹਨ।

**ਜਾਤੀ ਸਮਾਨਤਾ ਦੇ ਪ੍ਰਬੰਧ ਅਤੇ ਕਾਰਵਾਈ ਦੀਆਂ ਯੋਜਨਾਵਾਂ**: ਰੇਸ ਇਕਵਾੱਲਿਟੀ ਦੇ ਪ੍ਰਬੰਧ ਅਤੇ ਫ਼ੇਅਰ ਫ਼ਾਰ ਆੱਲ ਐਕਸ਼ਨ ਪਲਾਨਸ ਨੂੰ ਵਧਾਉਣ ਦੀ ਲੋੜ ਨੂੰ ਸਮਝਣ ਲਈ ਕੁੱਝ ਮੁਢਲੀ ਸਮਝ ਅਤੇ ਨਿਸ਼ਚਿਤੱਤਾ ਸੀ। ਪ੍ਰਕਸ਼ਨਾਂ 'ਚ ਸ਼ਾਮਿਲ ਸੀ ਗ਼ੈਰ-ਸੰਮਤੀ ਦੇ ਬਾਰੇ ਡਰ, ਸੰਸਥਾਈ ਜਾਤੀਗਤ ਅਤੇ ਪਖਪਾਤ ਦੇ ਅਭਿਆਸ ਦੇ ਪ੍ਰਕਾਰ ਦੀ ਸਮਝ ਦੀ ਕਮੀ ਅਤੇ ਘੱਟ ਸੰਖਿਆ ਦੀ ਆਬਾਦੀ ਦੇ ਕਾਰਣ 'ਜਾਤੀ-ਸੰਬੰਧੀ' ਕੇਂਦ੍ਰਿਤ ਹੋਣ ਦੀ ਕਮੀ। ਫਿਰ ਵੀ, ਰੇਸ ਇਕਵਾੱਲਿਟੀ ਸਕੀਮਜ਼ ਅਤੇ ਫ਼ੇਅਰ ਫ਼ਾਰ ਆੱਲ ਐਕਸ਼ਨ ਪਲਾਨਸ ਸਮੇਂ 'ਤੇ ਪੂਰਾ ਹੋ ਗਿਆ ਸੀ। ਜ਼ਿਆਦਾਤਰ ਹੈਲਥ ਬੋਰਡਸ ਰਾਹੀਂ ਉਨੱਤੀ ਦਾ ਸਬੂਤ ਮਿਲਿਆ ਹੈ, ਵਿਸ਼ੇਸ਼ ਕਰਕੇ ਜਿਥੇ ਕੰਮ ਕਰਨ ਵਾਲੇ ਕਰਮਚਾਰੀ ਹਨ ਜਾਂ/ਅਤੇ ਉਦਮੀ ਚੀਫ਼ ਐਕਜ਼ੇਕਟਿਵ ਹੈ। ਐੱਨਆੱਰਸੀਈਐੱਮਐੱਚ ਰਾਹੀਂ ਰੇਸ ਇਕਵਾੱਲਿਟੀ ਸਕੀਮਜ਼ ਅਤੇ ਐਕਸ਼ਨ ਪਲਾਨਸ ਦੀ ਤਰੱਕੀ ਬਾਰੇ ਮਾਰਗਦਰਸ਼ਨ ਅਤੇ ਸਮਰਥਣ ਕੀਤਾ ਗਿਆ ਹੈ। ਫ਼ਰਕ ਅਤੇ ਸੁਧਾਰਾਂ ਦੀ ਪਹਿਚਾਣ ਕਰਨ ਦੀ ਮਦਦ ਲਈ ਸੀਆੱਰਈ ਦੇ ਨਾਲ ਸਾਂਝੇਦਾਰੀ 'ਚ ਇਕ ਜਾਇੰਟ ਨੈਸ਼ਨਲ ਅਸੈਸਮੈਂਟ ਫ਼ਰੇਮਵਰੱਕ ਤਿਆਰ ਕੀਤਾ ਗਿਆ ਹੈ।

**ਰਾਸ਼ਟ੍ਰੀ ਸਮੀਖਿਆ – ਸੰਖੇਪ ਅਤੇ ਉਦੇਸ਼**: ਸਾਰੀਆਂ ਰੇਸ ਇਕਵਾੱਲਿਟੀ ਸਕੀਮਾਂ ਅਤੇ ਐਕਸ਼ਨ ਪਲਾਨਾਂ ਦੀ ਰਾਸ਼ਟ੍ਰੀ ਸਮੀਖਿਆ ਸੀਆੱਰਈ ਦੇ ਨਾਲ ਸਾਂਝੇਦਾਰੀ 'ਚ ਐੱਨਆੱਰਸੀਈਐੱਮਐੱਚ ਰਾਹੀਂ ਕੀਤੀ ਗਈ ਸੀ। ਆਖ਼ਰੀ ਰਿਪੋਰਟ 'ਚ ਉਨ੍ਹਾਂ ਦੀ ਰੇਸ ਇਕਵਾੱਲਿਟੀ ਸਕੀਮਜ਼ ਅਤੇ ਐਕਸ਼ਨ ਪਲਾਨਸ ਨੂੰ ਸੌਖੀ ਬਣਾਉਣ ਅਤੇ ਅਮਲ ਕਰਨ 'ਚ ਬੋਰਡਸ ਅਤੇ ਟ੍ਰਸਟਸ ਦੀ ਮਦਦ ਕਰਨ ਲਈ ਮਾਰਗਦਰਸ਼ਨ ਪ੍ਰਦਾਨ ਕੀਤਾ ਜਾਵੇਗਾ। ਐੱਨਆੱਰਸੀਈਐੱਮਐੱਚ ਦੀ ਨੀਤੀ ਦੇ ਨੈਟਵਰੱਕ ਰਾਹੀਂ ਨੀਤੀ ਬਾਰੇ ਰਾਸ਼ਟ੍ਰੀ ਮਾਰਗਦਰਸ਼ਨ ਨੂੰ ਅੱਗੇ ਵਧਾਉਣ ਲਈ ਖ਼ੇਤਰਾਂ ਅਤੇ ਪ੍ਰਾਥਮਿਕਤਾਵਾਂ ਦੀ ਮਹੱਤਤਾ ਰਾਹੀਂ ਐੱਨਆੱਰਸੀਈਐੱਮਐੱਚ ਦੇ ਭੱਵਿਖੀ ਕੰਮ ਲਈ ਮਾਰਗਦਰਸ਼ਨ ਪ੍ਰਦਾਨ ਕਰਨ 'ਚ ਵੀ ਮਦਦ ਕਰੇਗੀ। ਇਨ੍ਹਾਂ ਖ਼ੇਤਰਾਂ 'ਚ ਸ਼ਾਮਿਲ ਹੈ: ਸਲਾਹ-ਮਸ਼ਵਰਾ; ਬਿਰਾਦਰੀ ਦੀ ਤਰੱਕੀ; ਸੇਵਾ ਦਾ ਪ੍ਰਬੰਧ; ਮਨੁਖੀ ਸ੍ਰੋਤ; ਪ੍ਰਾਪਤੀ; ਪ੍ਰਭਾਵ ਦਾ ਮੁਲੰਕਣ; ਹਿਸਾਬ-ਕਿਤਾਬ ਦੇ ਸਾਧਨ ਅਤੇ ਅਦਾਕਾਰੀ ਦੇ ਸੰਕੇਤ।



**ਐਨਆੱਰਸੀਈਐੱਮਐੱਚ ਦੇ ਨਾਲ ਪਰਸਪਰ ਪ੍ਰਭਾਵ:** ਐੱਨਆੱਰਸੀਈਐੱਮਐੱਚ ਅਤੇ ਹੈਲਥ ਬੋਰਡਸ ਅਤੇ ਟ੍ਰਸਟਸ ਦਰਮਿਆਨ ਪਰਸਪਰ ਪ੍ਰਭਾਵ ਇਹ ਨਿਸ਼ਚਿਤ ਤੌਰ 'ਤੇ ਨੈਟਵਰਕਸ ਅਤੇ ਕੰਮ ਕਰਨ ਵਾਲੇ ਸਮੂਹਾਂ ਦੀ ਪ੍ਰਤਿਨਿਧਤਾ ਦੀ ਵਚਨਬੱਧਤਾ 'ਚ ਹੋਏ ਵਾਧੇ ਨਾਲ ਹੋਈ ਨਿਸ਼ਚਿਤ ਤਰੱਕੀ ਕਾਰਣ ਹੈ। ਸਲਾਹ ਅਤੇ ਸਹਾਇਤਾ ਲਈ ਵਿਅਕਤੀਗਤ ਮੰਗ 'ਚ ਹੋਏ ਵਾਧੇ ਨੂੰ ਵੀ ਰਿਕਾਰਡ ਕੀਤਾ ਗਿਆ ਹੈ।

**ਨੈਟਵਰਕਸ:** ਲੀਡ ਨੈਟਵਰਕ ਪ੍ਰਤਿਨਿਧਤਾ ਦੀ ਵਚਨਬੱਧਤਾ ਅਤੇ ਭੂਮਿਕਾ ਤਿਆਰ ਕੀਤੀ ਜਾ ਰਹੀ ਹੈ। ਇਸ ਲਈ ਵਿਅਕਤੀਗਤ ਹੈਲਥ ਬੋਰਡਸ ਨੂੰ ਐਨਆੱਰਸੀਈਐੱਮਐੱਚ ਰਾਹੀਂ ਕੀਤੀਆਂ ਮੁਲਾਕਾਤਾਂ ਨਾਲ ਮਦਦ ਹੋਈ ਹੈ। ਐੱਨਆੱਰਸੀਈਐੱਮਐੱਚ ਦੇ ਕੰਮ ਦੀ ਯੋਜਨਾ ਦੀ ਹੋਈ ਤਰੱਕੀ ਇਹ ਜਾਣਕਾਰੀ, ਸਿਖਲਾਈ ਅਤੇ ਨੀਤੀ ਦੇ ਨੈਟਵਰਕਾਂ ਅਤੇ ਬੋਰਡਸ ਅਤੇ ਟ੍ਰਸਟਸ ਦੀ ਸਹਾਇਤਾ ਨਾਲ ਸੁਖਾਲੇ ਕੀਤੇ ਮਾਮਲਿਆਂ ਵਾਲੇ ਨੈਟਵਰਕਾਂ ਰਾਹੀਂ ਕੰਮ ਦੇ ਵਿਸ਼ੇਸ਼ ਉਦਾਹਰਣਾਂ ਕਾਰਣ ਹੋਈ ਹੈ।

**ਮੰਗਾਂ:** ਇਸ ਵਿਚ ਸ਼ਾਮਿਲ ਹੈ ਤੇਜ਼ੀ ਨਾਲ ਪਰਿਵਰਤਨ ਹੁੰਦੇ ਰਾਜਸੀ ਏਜੰਡਾ ਵਿਸ਼ੇਸ਼ ਕਰਕੇ ਇਯੂ ਡਾਇਰੇਕਟਿਵਜ਼ ਅਤੇ ਸਿੰਗਲ ਇਕਵਾੱਲਿਟੀ ਕਮਿਸ਼ਨ ਬਾਰੇ ਸਲਾਹ-ਮਸ਼ਵਰਾ ਕਰਨ 'ਚ ਤਰੱਕੀ ਕਰਨਾ; ਵਿਆਪਕ ਵਿਭਿੰਨਤਾ ਅਤੇ ਸਮਾਜਿਕ ਸਮਾਵੇਸ਼ ਏਜੰਡਾ; ਸੰਸਥਾਈ ਪੱਖਪਾਤ ਦਾ ਸੰਬੋਧਨ ਕਰਨਾ; ਪੂਰੀ ਸੰਸਥਾ ਅੰਦਰ ਵਧਿਆ ਸੰਪਰਕ 'ਚ ਵਾਧਾ ਕਰਨਾ ਅਤੇ ਅਨੁਮਾਨ ਕੀਤਾ ਜਾ ਸਕੇ ਇਸ ਪ੍ਰਕਾਰ ਦੇ ਪਰਿਵਰਤਨ ਦੀ ਨਿਸ਼ਚਿਤਤਾ।

**ਸੰਚਾਲਨ:** ਐੱਨਆੱਰਸੀਈਐੱਮਐੱਚ ਘੱਟ ਗਿਣਤੀ ਦੀਆਂ ਜਾਤੀ ਬਿਰਾਦਰੀਆਂ ਦੇ ਮਹਾਨ ਸੁਮੇਲ ਨੂੰ ਉਤਸਾਹਿਤ ਕਰੇਗੀ ਅਤੇ ਨਿਸ਼ਚਿਤ ਕਰੇਗੀ ਕਿ ਉਹ ਐੱਨਆੱਰਸੀਈਐੱਮਐੱਚ ਦੇ ਕੰਮ ਨੂੰ ਵਧਾਉਣ ਲਈ ਇੱਕ ਕ੍ਰਿਆਸ਼ੀਲ ਹਿੱਸਾ ਲੈਣ ਦੇ ਸਹੀ ਅਵਸਰ ਪ੍ਰਦਾਨ ਕਰਦੇ ਹਨ। ਸਾਝੇਦਾਰੀ ਦੇ ਕੰਮ ਅਤੇ ਦੋਹਰੇ ਅਵਸਰਾਂ ਰਾਹੀਂ ਉਪਯੋਗੀ ਯੋਗ ਅਭਿਆਸ ਦੀ ਤਾਕੀਦ 'ਚ ਵਾਧਾ ਹੋਵੇਗਾ। ਐੱਨਆੱਰਸੀਈਐੱਮਐੱਚ ਰਾਸ਼ਟ੍ਰੀ ਮਾਰਗਦਰਸ਼ਨ ਨੂੰ ਪ੍ਰਕਾਸ਼ਿਤ ਕਰਨ, ਅਦਾਕਾਰੀ ਦੇ ਸੰਕੇਤਾਂ ਨੂੰ ਵਧਾਉਣ ਅਤੇ ਅਭਿਆਸ 'ਚ ਹੋਈ ਤਬਦੀਲੀ ਦਾ ਅਨੁਮਾਨ ਲਾਉਣ ਦੇ ਲਕਸ਼ਾਂ ਲਈ ਕੰਮ ਕਰੇਗੀ; ਅਤੇ ਪੇਸ਼ੰਟ ਫ਼ੋਕਸ ਅਤੇ ਪਬਲਿਕ ਇਨਵੋਲਵਮੈਂਟ ਵਰਗੇ ਭਿੰਨਤਾ ਦੇ ਰਾਸ਼ਟ੍ਰੀ ਏਜੰਡਾ ਦੇ ਨਾਲ ਮਿਲ ਕੇ ਕੰਮ ਕਰੇਗੀ।

ਐੱਨਅੱਚਐੱਸ ਬੋਰਡਸ ਅਤੇ ਟ੍ਰਸਟਸ ਇਹ ਐੱਨਆੱਰਸੀਈਐੱਮਐੱਚ ਰਾਹੀਂ ਸਿਹਤ ਸੰਬੰਧੀ ਸਹਾਇਤਾ ਪ੍ਰਦਾਨ ਕਰਨ ਵਾਲੀਆਂ ਮੁੱਖ ਸੰਸਥਾਵਾਂ ਹਨ। ਫਿਰ ਵੀ, ਐੱਨਆੱਰਸੀਈਐਸ਼ਮਐੱਚ ਨੇ ਵਲੰਟਰੀ ਵਿਭਾਗ, ਸਥਾਨਿਕ ਸਰਕਾਰ ਅਤੇ ਹੋਰ ਕਾਨੂੰਨੀ ਏਜੰਸੀਆਂ ਅਤੇ ਸੰਸਥਾਵਾਂ ਨਾਲ ਜ਼ਰੂਰੀ ਸੰਬੰਧ ਵੀ ਸਥਾਪਿਤ ਕੀਤੇ ਹਨ।

## ਨਿਰਣਾ

ਐੱਨਐੱਚਐੱਸ ਅੰਦਰ ਰਾਜਸੀ ਵਸੀਅਤ, ਪ੍ਰਬੰਧਕੀ ਕਾਰ-ਵਿਹਾਰ, ਚੁਣੌਤੀ ਵਾਲਾ ਪਰ ਵਿਸ਼ੇਸ਼ ਮਾਰਗਦਰਸ਼ਨ ਅਤੇ ਕਾਨੂੰਨ, ਅਤੇ ਵਿਆਪਕ ਅਨੁਕੂਲਤਾ ਨੂੰ ਜੋੜਨ ਰਾਹੀਂ, ਸੱਕਾਟਲੈਂਡ ਨੇ ਬਹੁ-ਜਾਤੀ, ਬਹੁ-ਸਭਿਆਚਾਰਕ ਸੁਸਾਇਟੀ ਦੀਆਂ ਲੋੜਾਂ ਲਈ ਸਿਹਤ ਦੀ ਸੇਵਾ ਨੂੰ ਉੱਤਰਦਾਈ ਬਣਾਉਣ ਦੇ ਉਦੇਸ਼ ਰਾਹੀਂ ਬਹੁਤ ਵੱਡੀ ਨੀਤੀ ਅਤੇ ਨੀਤੀ-ਯੋਜਨਾ ਦੀਆਂ ਚੁਣੌਤੀਆਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ 'ਚ ਉਚਿਤ ਤਰੱਕੀ ਕੀਤੀ ਹੈ। ਜੇਕਰ ਇਸ ਗਤੀ ਨੂੰ ਕਾਇਮ ਰੱਖਣਾ ਹੈ ਤਾਂ, ਯੋਜਨਾ ਦੀ ਮੁਨਿਆਦ ਲੰਮੇ ਸਮੇਂ ਦੀ ਹੋਣੀ ਚਾਹੀਦੀ ਹੈ ਅਤੇ ਭਿੰਨ-ਭਿੰਨ ਸਟੇਕਹੋਲਡਰਸ ਦੀ ਸਾਝੇਦਾਰੀ ਨਾਲ ਸਹਿਮਤ ਹੋਇਆਂ ਪ੍ਰਾਥਮਿਕਤਾਵਾਂ 'ਤੇ ਕੇਂਦ੍ਰਿਤ ਹੋਣ ਦੀ ਲੋੜ ਹੈ।

ਜਾਤੀ ਸਮਾਨਤਾ ਦੇ ਸੰਬੰਧ 'ਚ ਬੋਰਡਸ ਦੀ ਪਹਿਲੀ ਸਾਲਾਨਾ ਸਮੀਖਿਆ ਅਸੀਂ ਪੂਰੀ ਕੀਤੀ ਹੈ। ਇਸ ਵਿਸ਼ਲੇਸ਼ਣ ਤੋਂ ਮੁੱਖ ਸੰਕੇਤਾਂ ਨਾਲ ਸਾਨੂੰ ਸਾਲ 2 ਅਤੇ 3 'ਚ ਸਾਡੇ ਕੰਮ 'ਤੇ ਕੇਂਦ੍ਰਿਤ ਹੋਣ 'ਚ ਮਦਦ ਹੋਵੇਗੀ:

- ਯੋਜਨਾ ਦੇ ਸਤਰਾਂ ਲਈ ਸਹੀ ਅਗਵਾਈ ਸਥਾਪਿਤ ਕਰਨ ਰਾਹੀਂ ਅਸੀਂ ਹੁਣ ਚਾਹੁੰਦੇ ਹਾਂ ਕਿ ਕਰਮਚਾਰੀ ਪ੍ਰਬੰਧਕੀ ਅਤੇ ਨਿਯੰਤ੍ਰਿਤ ਸਤਰਾਂ 'ਤੇ ਅਧਿਕਾਰ ਪ੍ਰਾਪਤ ਕਰਨ।
- ਬੋਰਡਸ ਰਾਹੀਂ ਜਨ-ਅੰਕਤ ਰੂਪ-ਰੇਖਾ ਤਿਆਰ ਕੀਤੀ ਗਈ ਹੈ ਅਤੇ ਘੱਟ ਗਿਣਤੀ ਦੇ ਸਥਾਨਿਕ ਜਾਤੀ ਜਨ-ਸੰਖਿਆ ਦੀਆਂ ਸਿਹਤ ਸੰਬੰਧੀ ਲੋੜਾਂ ਦਾ ਮੁਲੰਕਣ ਕੀਤਾ ਗਿਆ ਹੈ। ਸਿਹਤ 'ਤੇ ਪ੍ਰਭਾਵ ਪਾਉਂਦੇ ਮੁਲੰਕਣ ਦੀ ਕਾਰਵਾਈ ਅਤੇ ਨਾਲ ਹੀ ਪ੍ਰਭਾਵ ਲਈ ਇੱਕ ਰਾਸ਼ਟ੍ਰੀ ਢਾਂਚੇ ਨੂੰ ਤਿਆਰ ਕਰਨ ਦੀ ਮਦਦ ਲਈ ਵਖਰੇ ਸਾਧਨਾਂ ਨੂੰ ਵਧਾਉਣ ਦੀ ਲੋੜ ਹੈ।
- ਐਕਸ਼ਨ ਪਲਾਨਸ ਨਾਲ ਸਪਸ਼ਟ ਤੌਰ 'ਤੇ ਫ਼ਰਕ ਦਿਖਾਈ ਦਿੱਤਾ ਹੈ ਅਤੇ ਬੁਨਿਆਦੀ ਸ਼੍ਰੇਣੀ ਤਿਆਰ ਕੀਤੀ ਗਈ ਹੈ; ਬੋਰਡ ਨੂੰ ਇਸ ਖ਼ੇਤਰ ਵੱਲ ਜਿੰਨੀਂ ਛੇਤੀਂ ਹੋ ਸਕੇ ਅੱਗੇ ਆਉਣ ਲਈ ਉਤਸਾਹਿਤ ਕੀਤਾ ਜਾਵੇਗਾ ਅਤੇ ਇਹ ਨਿਸ਼ਚਿਤ ਕੀਤਾ ਜਾਵੇਗਾ ਕਿ ਸੰਚਾਰ, ਆਹਾਰ, ਧਾਰਮਿਕ ਦੇਖਭਾਲ ਅਤੇ ਸਲਾਹ ਸਮੇਤ ਵਿਕਅਤੀਗਤ ਦੇਖਭਾਲ ਦੇ ਹਰ ਪਹਿਲੂ 'ਤੇ ਸਭਿਆਚਾਰਕ ਤੌਰ 'ਤੇ ਯੋਗ ਪ੍ਰਬੰਧ ਹੈ।

- ਸਿਖਲਾਈ ਅਤੇ ਸਿਖਿਆ ਦੇ ਕੁਝ ਗਿਣਤੀ ਦੇ ਸੱਤਰਾਂ ਲਈ ਉਚਿਤ ਸੰਸਥਾਈ ਵਿਕਾਸ ਸ਼ਾਮਿਲ ਹੋਵੇਗਾ: ਜਾਣ-ਪਛਾਣ, ਵੱਡੇ ਹੌਦੇ 'ਤੇ ਕਰਮਚਾਰੀ, ਪ੍ਰਬੰਧ ਲਈ ਗ਼ੈਰ-ਪੱਖਪਾਤੀ ਅਭਿਆਸ, ਵਿਵਸਾਈ ਤਰੱਕੀ ਅਤੇ ਘੱਟ ਗਿਣਤੀ ਦੇ ਕਰਮਚਾਰੀਆਂ ਲਈ ਅਨੁਭਵੀ ਅਵਸਰ।
- ਹੋਰ ਜ਼ਿਆਦਾ ਪ੍ਰਭਾਵਸ਼ਾਲੀ ਸਲਾਹ-ਮਸ਼ਵਰੇ ਅਤੇ ਘੱਟ ਗਿਣਤੀ ਦੇ ਜਾਤੀ ਉਪਭੋਗਤਾਵਾਂ ਨੂੰ ਰੁਝੇਵੇਂ ਦੇ ਸੰਬੰਧ 'ਚ ਸਮਰਥਣ ਅਤੇ ਮਾਰਗਦਰਸ਼ਨ ਦਿੱਤਾ ਜਾਵੇਗਾ; ਇਲਾਕਾਈ ਸਾਝੇਦਾਰੀ ਲਈ ਅਵਸਰ ਪੈਦਾ ਕੀਤੇ ਜਾਣਗੇ ਅਤੇ ਯੋਗ ਅਭਿਆਸ ਦੇ ਉਦਾਹਰਣਾਂ ਦਾ ਪ੍ਰਯੋਗ ਕਰਨ ਦੇ ਸੰਬੰਧ 'ਚ ਦੁਹਿਰਾਈਆ ਜਾਵੇਗਾ।
- ਅਸੀਂ ਇਹ ਨਿਸ਼ਚਿਤ ਕਰਾਂਗੇ ਕਿ ਪੈਂਡੂ ਇਲਾਕਿਆਂ 'ਚ ਜਾਤੀ ਸਮਾਨਤਾ ਦੀਆਂ ਸਮੱਸਿਆਵਾਂ ਨੂੰ ਅੰਦਰੂਨੀ-ਏਜੰਸੀ ਦੇ ਆਧਾਰ 'ਤੇ ਮੁੱਖ ਵਿਸ਼ੈ 'ਚ ਸ਼ਾਮਿਲ ਕੀਤਾ ਜਾਂਦਾ ਹੈ ਅਤੇ ਘੱਟ ਗਿਣਤੀ ਦੇ ਜਾਤੀ ਸਮੂਹਾਂ ਦੀਆਂ ਲੋੜਾਂ ਨੂੰ ਸਮਾਜਿਕ ਸੰਮਿਲਨ ਦੀ ਕਾਰਜ-ਸੂਚੀ ਦੇ ਹਿੱਸੇ ਦੀ ਤੌਰ 'ਤੇ ਸੰਬੋਧਤ ਕੀਤਾ ਜਾਂਦਾ ਹੈ।

ਐੱਨਆੱਰਸੀਈਐੱਮਐੱਚ ਦੀ ਕੇਂਦਰੀ ਭੂਮਿਕਾ ਇਹ ਪਹਿਲਾਂ ਤੋਂ ਹੀ ਪ੍ਰਤੱਖ ਹੈ। ਅਗਲੇ ਸਾਲ ਲਈ ਕਈ ਮੁੱਖ ਚੁਣੌਤੀਆਂ ਵਿਚੋਂ ਇਕ ਹੈ ਐੱਨਐੱਚਐੱਸ ਹੈਲਥ ਬੋਰਡਸ ਦੇ ਅੰਦਰ ਨਵੀਂ ਬਣੀ ਪੂਰਣ ਰਚਨਾ ਨੂੰ ਮਜਬੂਤ ਕਰਨਾ। ਇਹ ਅਤੇ ਹੋਰ ਚੁਣੌਤੀਆਂ 'ਚ ਸਕਾੱਟਿਸ਼ ਐਕਜ਼ੇਕਟਿਵ ਦੀ ਲਗਾਤਾਰ ਸਹਾਇਤਾ, ਸਟਾਫ਼ ਅਸੋਸੀਏਸ਼ਨਾਂ, ਯੂਨਿਅਨਾਂ, ਵਿਵਸਾਇਕ ਸੰਸਥਾਵਾਂ ਅਤੇ – ਸਭ ਤੋਂ ਜ਼ਿਆਦਾ ਜ਼ਰੂਰੀ – ਰੋਗੀ ਸ਼ਾਮਿਲ ਹੋਣਗੇ। ਇਸ ਵਿਚ ਤਸੱਲੀ ਕੋਈ ਥਾਂ ਨਹੀਂ ਹੋਵੇਗੀ ਕਿਉਂਕਿ ਸਭ ਤੋਂ ਔਖਾ ਕੰਮ ਹੈ ਹਾਲਤ ਅਨੁਸਾਰ ਅਮਲ ਕਰਨਾ, ਅਸੀਂ ਕੰਮ ਹੁਣੇ ਹੀ ਸ਼ੁਰੂ ਕੀਤਾ ਹੈ।



Astron B31473 9-03 Punjabi